# Visit of Minister of State for External Affairs, Smt. Meenakashi Lekhi to Portugal and Spain (September 12-17, 2021)

September 11, 2021

……………………………………………………………………………………………………..

# ਵਿਦੇਸ਼ ਰਾਜ ਮੰਤਰੀ ਸ਼੍ਰੀਮਤੀ ਮੀਨਾਕਾਸ਼ੀ ਲੇਖੀ ਦਾ ਪੁਰਤਗਾਲ ਅਤੇ ਸਪੇਨ ਦਾ ਦੌਰਾ (12-17 ਸਤੰਬਰ, 2021)

11 ਸਤੰਬਰ, 2021

1. ਵਿਦੇਸ਼ ਰਾਜ ਮੰਤਰੀ (MoS) ਸ਼੍ਰੀਮਤੀ ਮੀਨਾਕਸ਼ੀ ਲੇਖੀ 12-17 ਸਤੰਬਰ 2021 ਤੱਕ ਪੁਰਤਗਾਲ ਅਤੇ ਸਪੇਨ ਦਾ ਅਧਿਕਾਰਤ ਦੌਰਾ ਕਰਣਗੇ।

2. 12-14 ਸਤੰਬਰ ਤੱਕ ਆਪਣੇ ਪੁਰਤਗਾਲ ਦੇ ਦੌਰੇ ਦੌਰਾਨ ਰਾਜ ਮੰਤਰੀ ਅੰਤਰਰਾਸ਼ਟਰੀ ਮਾਮਲੇ ਅਤੇ ਸਹਿਕਾਰਤਾ ਮੰਤਰੀ ਮਹਾਮਹਿਮ ਫ੍ਰਾਂਸਿਸਕੋ ਆਂਦਰੇ ਨਾਲ ਦੁਵੱਲੀ ਗੱਲਬਾਤ ਕਰਣਗੇ। ਉਹ ਪੁਰਤਗਾਲ ਦੇ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਆਗਸਟੋ ਸੈਂਟੋਸ ਸਿਲਵਾ ਅਤੇ ਵਿਦੇਸ਼ ਮੰਤਰਾਲੇ ਅੰਦਰ ਅੰਤਰਰਾਸ਼ਟਰੀਕਰਨ ਦੇ ਸਟੇਟ ਸਕੱਤਰ ਮਹਾਮਹਿਮ ਸ਼੍ਰੀ ਯੂਰਿਕੋ ਬ੍ਰਿਲਹੰਤੇ ਡਿਆਸ ਨਾਲ ਵੀ ਮੁਲਾਕਾਤ ਕਰਣਗੇ। ਇਸ ਦੌਰੇ ਦੌਰਾਨ ਪੁਰਤਗਾਲ ਵਿੱਚ ਕੰਮ ਕਰਨ ਲਈ ਭਾਰਤੀ ਨਾਗਰਿਕਾਂ ਦੀ ਭਰਤੀ ਬਾਰੇ ਦੁਵੱਲੇ ਸਮਝੌਤੇ 'ਤੇ ਦਸਤਖ਼ਤ ਕੀਤੇ ਜਾਣਗੇ।

3. ਰਾਜ ਮੰਤਰੀ ਪੁਰਤਗਾਲ ਦੇ ਸੱਭਿਆਚਾਰ ਮੰਤਰੀ ਮਹਾਮਹਿਮ ਸ਼੍ਰੀਮਤੀ ਗ੍ਰੇਨਾ ਮਾਰੀਆ ਦਾ ਫੋਂਸੇਕਾ ਅਤੇ ਪੁਰਤਗਾਲੀ ਭਾਸ਼ਾ ਦੇ ਦੇਸ਼ਾਂ ਦੇ ਸਮੁਦਾਏ (CPLP) ਦੇ ਕਾਰਜਕਾਰੀ ਸਕੱਤਰ ਮਹਾਮਹਿਮ ਸ਼੍ਰੀ ਜ਼ੈਕਰੀਆਸ ਦਾ ਕੋਸਟਾ ਨਾਲ ਵੀ ਮੁਲਾਕਾਤ ਕਰਣਗੇ। ਭਾਰਤ ਨੂੰ ਜੁਲਾਈ, 2021 ਵਿੱਚ CPLP ਦੇ ਐਸੋਸੀਏਟ ਆਬਜ਼ਰਵਰ ਦੇ ਰੂਪ ਵਿੱਚ ਸ਼ਾਮਲ ਕੀਤਾ ਗਿਆ ਸੀ ਅਤੇ ਇਹ ਲੂਸੋਫੋਨ ਦੇਸ਼ਾਂ ਨਾਲ ਆਪਣੇ ਇਤਿਹਾਸਕ ਸਬੰਧਾਂ ਨੂੰ ਹੋਰ ਡੂੰਘਾ ਕਰਨ ਪ੍ਰਤੀ ਵਚਨਬੱਧ ਹੈ। ਉਹ ਭਾਰਤੀ ਸਮੁਦਾਏ ਦੇ ਮੈਂਬਰਾਂ ਨਾਲ ਵੀ ਮੁਲਾਕਾਤ ਕਰਣਗੇ ਅਤੇ ਭਾਰਤ ਦੇ ਆਜ਼ਾਦੀ ਦੇ ਅਮ੍ਰਿਤ ਮਹੋਤਸਵ ਸਮਾਰੋਹਾਂ ਦੇ ਹਿੱਸੇ ਵਜੋਂ ਭਾਰਤ ਦੀ ਅਮੀਰ ਸੱਭਿਆਚਾਰਕ ਵਿਖਾਉਣ ਵਾਲੇ ਸਮਾਰੋਹ ਵਿੱਚ ਸ਼ਾਮਲ ਹੋਣਗੇ।

4. 15-17 ਸਤੰਬਰ ਤਕ ਆਪਣੇ ਸਪੇਨ ਦੇ ਦੌਰੇ ਦੌਰਾਨ ਰਾਜ ਮੰਤਰੀ ਆਪਣੇ ਹਮਰੁਤਬਾ ਵਿਦੇਸ਼ ਰਾਜ ਮੰਤਰੀ ਮਹਾਮਹਿਮ ਸ਼੍ਰੀਮਤੀ ਏਂਜਲਸ ਮੋਰੇਨੋ ਬਾਉ ਅਤੇ ਸਪੈਨਿਸ਼ ਸਰਕਾਰ ਦੇ ਹੋਰ ਸੀਨੀਅਰ ਪਤਵੰਤਿਆਂ ਨੂੰ ਮਿਲਣਗੇ. ਰਾਜ ਮੰਤਰੀ ਕਾਸਾ ਡੇ ਲਾ ਇੰਡੀਆ (ਵੈਲਾਡੋਲਿਡ) ਵਿਖੇ 'ਦਿ ਬੀਟਲਸ ਐਂਡ ਇੰਡੀਆ' ਪ੍ਰਦਰਸ਼ਨੀ ਦਾ ਉਦਘਾਟਨ ਵੀ ਕਰਣਗੇ ਅਤੇ ਸਪੇਨ ਇੰਡੀਆ ਕੌਂਸਲ ਫੈਡਰੇਸ਼ਨ ਵਿਖੇ ਭਾਰਤ ਦੇ ਵਿਕਾਸ ਸਹਿਯੋਗ 'ਤੇ ਭਾਸ਼ਣ ਦੇਣਗੇ। ਉਹ ICCR ਦੇ ਸਾਬਕਾ ਵਿਦਿਆਰਥੀਆਂ ਅਤੇ ਸਪੇਨ ਵਿੱਚ ਭਾਰਤੀ ਸਮੁਦਾਏ ਸਮੇਤ ਭਾਰਤ ਵਿਸ਼ੇ ਦੇ ਮਾਹਿਰਾਂ ਅਤੇ ਭਾਰਤ ਪ੍ਰੇਮੀਆਂ ਨਾਲ ਵੀ ਗੱਲਬਾਤ ਕਰਣਗੇ।

5. ਪੁਰਤਗਾਲ ਅਤੇ ਸਪੇਨ ਦੋਵਾਂ ਨਾਲ ਭਾਰਤ ਦੇ ਨਿੱਘੇ ਅਤੇ ਦੋਸਤਾਨਾ ਸਬੰਧ ਹਨ। MoS ਦੇ ਦੌਰੇ ਨਾਲ, ਜੋ COVID -19 ਮਹਾਂਮਾਰੀ ਤੋਂ ਬਾਅਦ ਦੋਵਾਂ ਦੇਸ਼ਾਂ ਨਾਲ ਭਾਰਤ ਦੀ ਵਿਅਕਤੀਗਤ ਤੌਰ 'ਤੇ ਪਹਿਲੀ ਅਧਿਕਾਰਤ ਗੱਲਬਾਤ ਹੈ, ਦੁਵੱਲੇ ਸਬੰਧਾਂ ਨੂੰ ਨਵੀਂ ਰਫ਼ਤਾਰ ਮਿਲਣ ਦੀ ਉਮੀਦ ਹੈ।

ਨਵੀਂ ਦਿੱਲੀ
11 ਸਤੰਬਰ, 2021

DISCLAIMER: This is an approximate translation. The original is available in English on MEA’s website and may be referred to as the official press release.